(81)

ਪੰਜਾਬ ਸਰਕਾਰ

ਚੌਕਸੀ ਵਿਭਾਗ

(ਬਜਟ ਅਤੇ ਅਮਲਾ ਸ਼ਾਖਾ)

ਵਿਸ਼ਾ:- ਵੱਖ-ਵੱਖ ਵਿਭਾਗਾਂ ਵਿੱਚ ਮੁੱਖ ਚੌਕਸੀ ਅਫਸਰਾਂ ਦੀ ਨਿਯੁਕਤੀ/ਨਾਮਜਦਗੀ ਕਰਨ ਸਬੰਧੀ।

*********

ਨਿਮਨ ਸੰਬੰਧਿਤ ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ, ਕ੍ਰਿਪਾ ਕਰਕੇ ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕਰਨ ਜੀ।

2. ਵਿਸ਼ੇ ਅੰਕਿਤ ਮਾਮਲੇ ਸਬੰਧੀ ਚੌਕਸੀ ਵਿਭਾਗ ਦੇ ਅੰ:ਵਿ:ਪੱ:ਨੰ: 19/2/2017-3ਬਅ/1290127/1-19, ਮਿਤੀ 6.8.2018 ਰਾਹੀਂ ਸੂਚਿਤ ਕੀਤਾ ਗਿਆ ਸੀ ਕਿ ਆਪਣੇ ਅਧੀਨ ਆਉਂਦੇ ਵਿਭਾਗਾਂ ਵਿੱਚੋਂ ਇੱਕ ਮੁੱਖ ਚੌਕਸੀ ਅਫਸਰ ਦੀ ਨਿਯੁਕਤੀ/ਨਾਮਜ਼ਦਗੀ ਕਰਨ ਸਬੰਧੀ ਤਿੰਨ ਅਧਿਕਾਰੀਆਂ ਦੇ ਨਾਮ ਦਾ ਪੈਨਲ ਮੁੱਖ ਮੰਤਰੀ ਪੰਜਾਬ ਜੀ ਦੀ ਪ੍ਰਵਾਨਗੀ ਲਈ ਸਿੱਧਾ ਭੇਜਿਆ ਜਾਵੇ। ਹੁਣ ਮੁੜ ਵਿਚਾਰ ਕਰਦੇ ਹੋਏ ਉਕਤ ਪੱਤਰ ਮਿਤੀ 6.8.2018 ਦੀ ਲਗਾਤਾਰਤਾ ਵਿੱਚ ਸੂਚਿਤ ਕੀਤਾ ਜਾਂਦਾ ਹੈ ਕਿ ਤਿੰਨ ਅਧਿਕਾਰੀਆਂ ਦਾ ਪੈਨਲ ਸਿੱਧੇ ਤੌਰ ਤੇ ਮੁੱਖ ਮੰਤਰੀ ਜੀ ਨੂੰ ਭੇਜਣ ਦੀ ਬਜਾਏ ਚੌਕਸੀ ਵਿਭਾਗ ਨੂੰ ਭੇਜਿਆ ਜਾਵੇ। ਮੁੱਖ ਮੰਤਰੀ ਜੀ ਵੱਲੋਂ ਪੈਨਲ ਵਿੱਚੋਂ ਨਿਯੁਕਤ/ਨਾਮਜਦ ਕੀਤੇ ਮੁੱਖ ਚੌਕਸੀ ਅਫਸਰ ਦੀ ਮਿਆਦ ਦੋ ਸਾਲ ਦੀ ਹੋਵੇਗੀ, ਜੋ ਕਿ ਅੱਗੇ ਲਈ ਵਧਾਈ ਵੀ ਜਾ ਸਕਦੀ ਹੈ ਅਤੇ ਜਿੱਥੇ ਸੰਭਵ ਹੋਵੇ, ਇਹ ਮੁੱਖ ਚੌਕਸੀ ਅਫਸਰ ਪੂਰੇ ਸਮੇਂ ਲਈ (Full time basis) ਨਿਯੁਕਤ ਕੀਤੇ ਜਾਣਗੇ। ਉਪਰੋਕਤ ਅਨੁਸਾਰ ਆਪਣੇ ਵਿਭਾਗ ਵਿੱਚ ਮੁੱਖ ਚੌਕਸੀ ਅਫਸਰ ਦੀ ਨਿਯੁਕਤੀ/ਨਾਮਜਦ ਕਰਨ ਲਈ ਲੋੜੀਂਦਾ ਪੈਨਲ ਤੁਰੰਤ ਚੌਕਸੀ ਵਿਭਾਗ (ਚੌਕਸੀ-2 ਸ਼ਾਖਾ) ਨੂੰ ਭੇਜਣ ਦੀ ਖੇਚਲ ਕੀਤੀ ਜਾਵੇ ਜੀ, ਤਾਂ ਜੋ ਸਮੇਂ ਸਿਰ ਮੁੱਖ ਮੰਤਰੀ ਜੀ ਦੀ ਪ੍ਰਵਾਨਗੀ ਲਈ ਜਾ ਸਕੇ।

ਜਸਜੀਤ ਕੌਰ

ਉਪ ਅਧੀਨ ਸਕੱਤਰ ਚੌਕਸੀ

ਸੇਵਾ ਵਿਖੇ

1. ਵਧੀਕ ਮੁੱਖ ਸਕੱਤਰ, ਗ੍ਰਿਹ ਮਾਮਲੇ ਅਤੇ ਨਿਆਂ ਵਿਭਾਗ(ਪੁਲਿਸ ਵਿਭਾਗ ਵਿੱਚ CVO ਲਗਾਉਣ ਸਬੰਧੀ);
2. ਵਧੀਕ ਮੁੱਖ ਸਕੱਤਰ, ਸਹਿਕਾਰਤਾ ਵਿਭਾਗ;
3. ਵਧੀਕ ਮੁੱਖ ਸਕੱਤਰ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ;
4. ਵਧੀਕ ਮੁੱਖ ਸਕੱਤਰ, ਕਰ ਅਤੇ ਆਬਕਾਰੀ ਵਿਭਾਗ;
5. ਵਧੀਕ ਮੁੱਖ ਸਕੱਤਰ, ਮਾਲ ਵਿਭਾਗ;
6. ਵਧੀਕ ਮੁੱਖ ਸਕੱਤਰ, ਖੇਤੀਬਾੜੀ ਵਿਭਾਗ;
7. ਵਿੱਤੀ ਕਮਿਸ਼ਨਰ, ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ;
8. ਪ੍ਰਮੁੱਖ ਸਕੱਤਰ, ਆਮ ਰਾਜ ਪ੍ਰਬੰਧ ਵਿਭਾਗ;
9. ਪ੍ਰਮੁੱਖ ਸਕੱਤਰ, ਸਥਾਨਕ ਸਰਕਾਰ ਵਿਭਾਗ;
10. ਪ੍ਰਮੁੱਖ ਸਕੱਤਰ, ਊਰਜਾ ਵਿਭਾਗ (PSPCL ਵਿੱਚ ਮੁੱਖ ਚੌਕਸੀ ਅਫਸਰ ਲਗਾਉਣ ਸਬੰਧੀ);
11. ਪ੍ਰਮੁੱਖ ਸਕੱਤਰ, ਟਰਾਂਸਪੋਰਟ ਵਿਭਾਗ;
12. ਪ੍ਰਮੁੱਖ ਸਕੱਤਰ, ਖੁਰਾਕ ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਵਿਭਾਗ;
13. ਪ੍ਰਮੁੱਖ ਸਕੱਤਰ, ਜਲ ਸਰੋਤ ਵਿਭਾਗ;
14. ਸਕੱਤਰ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ;
15. ਸਕੱਤਰ ਲੋਕ ਨਿਰਮਾਣ ਵਿਭਾਗ (ਬੀ ਐਂਡ ਆਰ);
16. ਸਕੱਤਰ, ਚੌਕਸੀ ਵਿਭਾਗ।

ਅੰ:ਵਿ:ਪੱ:ਨੰ: 19/2/2017-3ਬਅ/1364488/1-19 ਮਿਤੀ, ਚੰਡੀਗੜ੍ਹ: 30/11/2018

ਅੰਦਰੂਨੀ ਪ੍ਰਬੰਧ ਰਾਹੀ:-

1. ਨਿੱਜੀ ਸਕੱਤਰ/ਮੁੱਖ ਪ੍ਰਮੁੱਖ ਸਕੱਤਰ/ ਮੁੱਖ ਮੰਤਰੀ ਪੰਜਾਬ;
2. ਸਕੱਤਰ/ ਮੁੱਖ ਸਕੱਤਰ ਪੰਜਾਬ;
3. ਸੁਪਰਡੰਟ ਚੌਕਸੀ-2 ਸ਼ਾਖਾ।

3/12